

Tender Heart High school sec-33B Chd

class-7 Ramandeep

16

ਪਾਠ

# ਮੁਹਾਵਰੇ (Idioms)

**ਮੁਹਾਵਰਾ** ਸ਼ਬਦਾਂ ਦੇ ਉਸ ਸਮੂਹ ਨੂੰ ਕਿਹਾ ਜਾਂਦਾ ਹੈ ਜਿਸ ਦੇ ਸ਼ਬਦੀ ਅਤੇ ਭਾਵ-ਅਰਥਾਂ ਵਿੱਚ ਫ਼ਰਕ ਹੁੰਦਾ ਹੈ। ਮੁਹਾਵਰਿਆਂ ਦੀ ਵਰਤੋਂ ਇਸ ਦੇ ਭਾਵ-ਅਰਥਾਂ ਲਈ ਹੀ ਹੁੰਦੀ ਹੈ। ਉਦਾਹਰਨ ਲਈ 'ਕੰਨਾਂ ਨੂੰ ਹੱਥ ਲਾਉਣਾ' ਮੁਹਾਵਰੇ ਦੀ ਵਰਤੋਂ ਇਸ ਦੇ ਸ਼ਬਦੀ ਅਰਥਾਂ ਲਈ ਨਹੀਂ ਹੁੰਦੀ। ਇਸ ਦਾ ਭਾਵ ਹੈ 'ਤੋਬਾ ਕਰਨੀ'। ਇਸੇ ਤਰ੍ਹਾਂ 'ਗਲ਼ ਪਿਆ ਢੋਲ ਵਜਾਉਣਾ' ਮੁਹਾਵਰੇ ਦਾ ਅਰਥ ਗਲ਼ ਵਿੱਚ ਪਿਆ ਢੋਲ ਵਜਾਉਣਾ ਨਹੀਂ ਸਗੋਂ ਇਸ ਦਾ ਭਾਵ 'ਮਜਬੂਰੀ ਵਿੱਚ ਕੰਮ ਕਰਨਾ' ਹੈ। ਹਰ ਮੁਹਾਵਰੇ ਦੇ ਅੰਤ ਵਿੱਚ ਨਾ, ਣਾ, ਨੀ, ਣੀ, ਨੇ, ਣੇ ਆਦਿ ਆਉਣਾ ਜ਼ਰੂਰੀ ਹੈ। ਇਹ ਮੁਹਾਵਰੇ ਦੀ ਇੱਕ ਤਰ੍ਹਾਂ ਦੀ ਪਛਾਣ ਹੈ।

## ਮੁਹਾਵਰਿਆਂ ਦੀ ਵਾਕਾਂ ਵਿੱਚ ਵਰਤੋਂ

ਅੱਗੇ ਕੁਝ ਮੁਹਾਵਰਿਆਂ ਦੀ ਅਰਥਾਂ ਸਹਿਤ ਵਾਕਾਂ ਵਿੱਚ ਵਰਤੋਂ ਕੀਤੀ ਗਈ ਹੈ :

1. **ਉੱਘ-ਸੁੱਘ ਨਾ ਮਿਲ਼ਨਾ** (ਕੁਝ ਪਤਾ ਨਾ ਲੱਗਣਾ) : ਪੁਲਿਸ ਨੇ ਚੋਰ ਨੂੰ ਫੜਨ ਦੇ ਬਹੁਤ ਯਤਨ ਕੀਤੇ ਪਰ ਉਸ ਦੀ ਕੋਈ ਉੱਘ-ਸੁੱਘ ਨਾ ਮਿਲ਼ੀ।
2. **ਉੱਚਾ ਸਾਹ ਨਾ ਕੱਢਣਾ** (ਡਰੇ ਜਾਂ ਸਹਿਮੇ ਰਹਿਣਾ) : ਨੀਰੂ ਦੇ ਪਿਤਾ ਜੀ ਏਨੇ ਸਖ਼ਤ ਸੁਭਾਅ ਦੇ ਹਨ ਕਿ ਘਰ ਵਿੱਚ ਕੋਈ ਵੀ ਉਹਨਾਂ ਸਾਮ੍ਹਣੇ ਉੱਚਾ ਸਾਹ ਨਹੀਂ ਕੱਢਦਾ।
3. **ਊਠ ਦੇ ਮੂੰਹ ਵਿੱਚ ਜ਼ੀਰਾ ਦੇਣਾ** (ਬਹੁਤ ਖਾਣ ਵਾਲ਼ੇ ਨੂੰ ਥੋੜ੍ਹਾ ਮਿਲ਼ਨਾ) : ਅੱਠ-ਦਸ ਰੋਟੀਆਂ ਖਾਣ ਵਾਲ਼ੇ ਪਹਿਲਵਾਨ ਨੰਦੂ ਨੂੰ ਜਦੋਂ ਦੋ ਹੀ ਰੋਟੀਆਂ ਮਿਲ਼ੀਆਂ ਤਾਂ ਉਸ ਦੇ ਦੋਸਤ ਨੇ ਕਿਹਾ ਕਿ ਇਹ ਤਾਂ ਊਠ ਦੇ ਮੂੰਹ ਵਿੱਚ ਜ਼ੀਰਾ ਦੇਣ ਵਾਲ਼ੀ ਗੱਲ ਹੈ।
4. **ਅਕਲ ਚਕਰਾ ਜਾਣਾ** (ਕੁਝ ਪਤਾ ਨਾ ਲੱਗਣਾ ਜਾਂ ਕੁਝ ਨਾ ਸੁੱਝਣਾ) : ਪੁਲਿਸ ਨੂੰ ਦੇਖ ਕੇ ਚੋਰ ਦੀ ਅਕਲ ਚਕਰਾ ਗਈ।
5. **ਅਕਾਸ਼ ਨਾਲ਼ ਗੱਲਾਂ ਕਰਨੀਆਂ** (ਹੰਕਾਰ ਵਿੱਚ ਹੋਣਾ) : ਜਦੋਂ ਦਾ ਉਹ ਕਮੇਟੀ ਦਾ ਪ੍ਰਧਾਨ ਬਣਿਆ ਹੈ ਉਦੋਂ ਦਾ ਹੀ ਉਹ ਅਕਾਸ਼ ਨਾਲ਼ ਗੱਲਾਂ ਕਰਨ ਲੱਗਾ ਹੈ।
6. **ਅਕਾਸ਼ ਨੂੰ ਛੂਹਣਾ** (ਬਹੁਤ ਉੱਚਾ ਹੋਣਾ) : ਮਹਿੰਗਾਈ ਦੇ ਜ਼ਮਾਨੇ ਵਿੱਚ ਚੀਜ਼ਾਂ ਦੇ ਭਾਅ ਦਿਨੋ-ਦਿਨ ਅਕਾਸ਼ ਨੂੰ ਛੂਹ ਰਹੇ ਹਨ। ਜਾਂ ਬੰਬਈ ਵਿੱਚ ਅਕਾਸ਼ ਨੂੰ ਛੂਹਣ ਵਾਲ਼ੀਆਂ ਅਨੇਕਾਂ ਇਮਾਰਤਾਂ ਹਨ।
7. **ਅਲਖ ਮੁਕਾਉਣਾ** (ਮਾਰ ਦੇਣਾ, ਖ਼ਤਮ ਕਰ ਦੇਣਾ) : ਭਾਰਤੀ ਫ਼ੌਜਾਂ ਨੇ ਬਹਾਦਰੀ ਨਾਲ਼ ਲੜਦਿਆਂ ਦੁਸ਼ਮਣ ਦੀ ਅਲਖ ਮੁਕਾ ਦਿੱਤੀ।

Class-7 Ramandeep Kaur

8. **ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ** (ਆਪਣੇ ਨੁਕਸਾਂ/ਔਗਣਾਂ ਵੱਲ ਧਿਆਨ ਦੇਣਾ) : ਦੂਸਰੇ ਵਿੱਚ ਨੁਕਸ ਕੱਢਣ ਦੀ ਥਾਂ ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ ਚਾਹੀਦਾ ਹੈ।

9. **ਆਪਣੇ ਪੈਰੀਂ ਆਪ ਕੁਹਾੜਾ ਮਾਰਨਾ** (ਆਪਣਾ ਨੁਕਸਾਨ ਆਪ ਕਰਨਾ) : ਆਪਣੇ ਅਫ਼ਸਰ ਵਿਰੁੱਧ ਬੋਲ ਕੇ ਉਸ ਨੇ ਆਪਣੇ ਪੈਰੀਂ ਆਪ ਕੁਹਾੜਾ ਮਾਰ ਲਿਆ।

10. **ਇੱਕ ਕੰਨ ਸੁਣ ਕੇ ਦੂਜੇ ਕੰਨ ਕੱਢ ਦੇਣਾ** (ਸੁਣੀ ਗੱਲ ਨੂੰ ਅਣਸੁਣੀ ਕਰ ਦੇਣਾ) : ਜਮਾਤ ਵਿੱਚ ਨਾਲਾਇਕ ਬੱਚੇ ਅਧਿਆਪਕ ਦੁਆਰਾ ਕਹੀ ਗੱਲ ਨੂੰ ਇੱਕ ਕੰਨ ਸੁਣ ਕੇ ਦੂਜੇ ਕੰਨੋਂ ਕੱਢ ਦਿੰਦੇ ਹਨ।

11. **ਇੱਕ ਰੰਗ ਆਉਣਾ ਤੇ ਇੱਕ ਜਾਣਾ** (ਘਬਰਾ ਜਾਣਾ) : ਨਕਲ ਕਰਦੇ ਗੁਰਦੀਪ ਨੂੰ ਜਦੋਂ ਅਧਿਆਪਕ ਨੇ ਫੜ ਲਿਆ ਤਾਂ ਉਸ ਦਾ ਇੱਕ ਰੰਗ ਆਉਣ ਤੇ ਇੱਕ ਜਾਣ ਲੱਗ ਪਿਆ।

12. **ਸਿਰ ਖੁਰਕਣ ਦੀ ਵਿਹਲ ਨਾ ਹੋਣੀ** (ਬਹੁਤ ਰੁੱਝੇ ਹੋਣਾ) : ਵਿਆਹ ਵਾਲ਼ੇ ਘਰ ਵਿੱਚ ਘਰਦਿਆਂ ਕੋਲ਼ ਸਿਰ ਖੁਰਕਣ ਦੀ ਵਿਹਲ ਨਹੀਂ ਹੁੰਦੀ।

13. **ਸਿਰ 'ਤੇ ਹੱਥ ਰੱਖਣਾ** (ਸਹਾਇਤਾ ਕਰਨੀ, ਸਾਥ ਦੇਣਾ) : ਮੁਸੀਬਤ ਵੇਲ਼ੇ ਕੋਈ-ਕੋਈ ਹੀ ਸਿਰ 'ਤੇ ਹੱਥ ਰੱਖਦਾ ਹੈ।

14. **ਸਿਰੋਂ ਨੰਗੀ ਹੋਣਾ** (ਵਿਧਵਾ ਹੋਣਾ) : ਫ਼ੌਜੀ ਹਰਨਾਮ ਸਿੰਘ ਦੁਸ਼ਮਣ ਨਾਲ਼ ਲੜਦਿਆਂ ਸ਼ਹੀਦ ਹੋ ਗਿਆ ਤੇ ਉਸ ਦੀ ਪਤਨੀ ਸਿਰੋਂ ਨੰਗੀ ਹੋ ਗਈ।

15. **ਹੱਡ ਭੰਨ ਸੁੱਟਣੇ** (ਬੁਰੀ ਤਰ੍ਹਾਂ ਮਾਰਨਾ ਜਾਂ ਬਹੁਤ ਮਾਰਨਾ) : ਪੁਲਿਸ ਨੇ ਚੋਰ ਦੇ ਹੱਡ ਭੰਨ ਸੁੱਟੇ।

16. **ਹੱਥ ਨੂੰ ਹੱਥ ਨਾ ਦਿਸਣਾ** (ਬਹੁਤ ਹਨੇਰਾ ਹੋਣਾ) : ਜਦੋਂ ਰਾਤ ਨੂੰ ਬਿਜਲੀ ਗਈ ਤਾਂ ਕਲੋਨੀ ਵਿੱਚ ਹੱਥ ਨੂੰ ਹੱਥ ਨਹੀਂ ਸੀ ਦਿਸ ਰਿਹਾ।

17. **ਕੱਖ ਭੰਨ ਕੇ ਦੂਹਰਾ ਨਾ ਕਰਨਾ** (ਕੋਈ ਵੀ ਕੰਮ ਨਾ ਕਰਨਾ) : ਸੁਖਦੇਵ ਦਾ ਪੁੱਤਰ ਆਪਣੇ ਦੋਸਤਾਂ ਨਾਲ਼ ਘੁੰਮਦਾ ਰਹਿੰਦਾ ਹੈ। ਉਹ ਸਾਰਾ ਦਿਨ ਕੱਖ ਭੰਨ ਕੇ ਦੂਹਰਾ ਨਹੀਂ ਕਰਦਾ।

18. **ਕਣਕ ਨਾਲ਼ ਘੁਣ ਪਿਸਣਾ** (ਦੋਸ਼ੀ ਨਾਲ਼ ਬੇਦੋਸ਼ੇ ਦਾ ਵੀ ਮਾਰਿਆ ਜਾਣਾ) : ਚੋਰੀ ਦੇ ਇਲਜ਼ਾਮ ਵਿੱਚ ਜਦ ਰੁਲਦੂ ਨਾਲ਼ ਉਸ ਦੇ ਬੇਕਸੂਰ ਗੁਆਂਢੀ ਨੂੰ ਵੀ ਫੜ ਲਿਆ ਗਿਆ ਤਾਂ ਲੋਕ ਕਹਿਣ ਲੱਗੇ ਕਿ ਇਹ ਤਾਂ ਕਣਕ ਨਾਲ਼ ਘੁਣ ਪਿਸਣ ਵਾਲ਼ੀ ਗੱਲ ਹੋਈ ਹੈ।

19. **ਕਾਲਜੇ ਛੁਰੀਆਂ ਮਾਰਨੀਆਂ** (ਮੰਦੇ ਬੋਲ ਬੋਲਣੇ) : ਮੀਰਾ ਦੀ ਸੱਸ ਹਰ ਵੇਲ਼ੇ ਉਸ ਦੇ ਕਾਲਜੇ ਛੁਰੀਆਂ ਮਾਰਦੀ ਰਹਿੰਦੀ ਹੈ।

20. **ਗੱਚ ਹੋਣਾ** (ਪੂਰੀ ਤਰ੍ਹਾਂ ਗਿੱਲੇ ਹੋ ਜਾਣਾ) : ਗੀਤਾ ਦੇ ਕੱਪੜੇ ਤੇਜ਼ ਬਰਖਾ ਕਾਰਨ ਗੱਚ ਹੋ ਗਏ।

21. **ਗਲ਼-ਗਲ਼ ਤੱਕ ਫਸਣਾ** (ਬਹੁਤ ਬੁਰੇ ਫਸਣਾ) : ਕਰਜ਼ਾ ਲੈ ਕੇ ਹੁਣ ਰਘਬੀਰ ਗਲ਼-ਗਲ਼ ਤੱਕ ਫਸ ਗਿਆ ਹੈ।

22. **ਘਰ ਕਰ ਜਾਣਾ** (ਦਿਲ ਨੂੰ ਚੰਗਾ ਲੱਗਣਾ) : ਜਦੋਂ ਦਾ ਗੁਰਦੀਪ ਨੇ ਫ਼ਸਟ ਆ ਕੇ ਸਕੂਲ ਦਾ ਨਾਂ ਰੋਸ਼ਨ ਕੀਤਾ ਹੈ ਉਦੋਂ ਦਾ ਹੀ ਉਹ ਸਾਰੇ ਅਧਿਆਪਕਾਂ ਦੇ ਦਿਲ ਵਿੱਚ ਘਰ ਕਰ ਗਿਆ ਹੈ।

23. **ਘੁਸਰ-ਮੁਸਰ ਕਰਨਾ** (ਹੌਲ਼ੀ ਅਵਾਜ਼ ਵਿੱਚ ਆਪਸ ਵਿੱਚ ਗੱਲ-ਬਾਤ ਜਾਂ ਸਲਾਹ ਕਰਨੀ) : ਰਜਨੀ ਤੇ ਪ੍ਰੀਤੀ ਸਾਰਾ ਦਿਨ ਆਪਸ ਵਿੱਚ ਪਤਾ ਨਹੀਂ ਕੀ ਘੁਸਰ-ਮੁਸਰ ਕਰਦੀਆਂ ਰਹਿੰਦੀਆਂ ਹਨ।

Class-7 Ramandeep Kaur

24. **ਘੇਸ ਮਾਰ ਕੇ ਪਏ ਰਹਿਣਾ** (ਗੱਲ ਅਣਸੁਣੀ ਕਰ ਦੇਣੀ, ਧਿਆਨ ਨਾ ਦੇਣਾ) : ਰਮਨ ਦੀ ਮਾਂ ਨੇ ਉਸ ਨੂੰ ਬਜ਼ਾਰੋਂ ਸਮਾਨ ਲਿਆਉਣ ਲਈ ਕਿਹਾ ਪਰ ਉਹ ਕੁਝ ਨਹੀਂ ਬੋਲਿਆ ਤੇ ਘੇਸ ਮਾਰ ਕੇ ਪਿਆ ਰਿਹਾ।

25. **ਚੰਗੀ-ਮੰਦੀ ਸੁਣਨਾ** (ਨਿੰਦਾ-ਚੁਗਲੀ ਸੁਣਨਾ) : ਸਾਨੂੰ ਕਦੇ ਵੀ ਕਿਸੇ ਦੀ ਚੰਗੀ-ਮੰਦੀ ਨਹੀਂ ਸੁਣਨੀ ਚਾਹੀਦੀ।